**(Vocational Stream)**

**(Agriculture group)**

**Trade-Horticulture**

**Subject-Commercial Crops (073)** **Total Marks :30**

ਭਾਗ-1(ਸਾਰੇ ਪ੍ਰਸ਼ਨ ਜਰੂਰੀ ਹਨ।)

1. ਧਨੀਆਂ ਦੀ ਬਿਜਾਈ ਦਾ ਸਮਾਂ ਲਿਖੋ?
2. ਕੇਸਿੰਗ ਮਿਸ਼ਰਣ ਕਿਵੇ ਤਿਆਰ ਕੀਤਾ ਜਾਂਦਾ ਹੈ?
3. ਕਿਸ ਪੌਦੇ ਨੂੰ ਸ਼ੁਗਰ ਪਲਾਂਟ ਦੇ ਨਾਂ ਨਾਮ ਜਾਣਿਆਂ ਜਾਂਦਾ ਹੈ?
4. ਪੰਜਾਬ ਵਿੱਚ ਮਧੂ ਮੱਖੀ ਪਾਲਣ ਦਾ ਧੰਦਾ ਸ਼ੁਰੂ ਕਰਨ ਲਈ ਸਭ ਤੋਂ ਵਧੀਆਂ ਸਮਾਂ ਕਿਹੜਾ ਹੈ?
5. ਸਪਾਨ ਤੋ ਤੁਹਾਡਾ ਕੀ ਭਾਵ ਹੈ?
6. ਦਾਲਚੀਨੀ ਦੇ ਪੌਦੇ ਦਾ ਕਿਹੜਾ ਭਾਗ ਮਸਾਲਿਆਂ ਵਿੱਚ ਵਰਤਿਆ ਜਾਂਦਾ ਹੈ?
7. ਖੁਬਾਂ ਨੂੰ ਲਗਣ ਵਾਲੀਆਂ ਕੋਈ ਦੋ ਬਿਮਾਰੀਆਂ ਦੇ ਨਾਂ ਲਿਖੋ?
8. ਵਰਮੀਟੈਕਨੋਲੋਜੀ ਤੋਂ ਕੀ ਭਾਵ ਹੈ?
9. ਪੰਜਾਬ ਖੇਤੀਬਾੜੀ ਯੁਨੀਵਰਸਿਟੀ ਵੱਲੋ ਮਧੂ-ਮੱਖੀਆਂ ਦੀ ਕਿਹੜੀ ਕਿਸਮ ਨੂੰ ਬਕਸਿਆਂ ਵਿੱਚ ਪਾਲਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ?
10. ਸੌਂਫ ਦੀ ਖੇਤੀ ਲਈ ਕਿਸ ਤਰ੍ਹਾਂ ਦੀ ਭੂਮੀ ਚਾਹੀਦੀ ਹੈ? 1x10 =10

ਭਾਗ-2(ਕੋਈ 5 ਪ੍ਰਸ਼ਨ ਕਰੋ)

11. ਮਸਾਲੇ ਵਾਲੀਆਂ ਫਸਲਾਂ ਤੋਂ ਕੀ ਭਾਵ ਹੈ? ਮਨੁੱਖੀ-ਖੁਰਾਕ ਵਿੱਚੋ ਮਸਾਲਿਆਂ ਦੀ ਮਹੱਤਤਾ ਦਾ ਸੰਖੇਪ ਵਿੱਚ ਵਰਨਣ ਕਰੋ?
12. ਹੇਠ ਲਿਖਿਆਂ ਤੇ ਸੰਖੇਪ ਨੋਟ ਲਿਖੋ:
    ੳ. ਘਰੇਲੂ ਬਗੀਚੇ ਵਿੱਚ ਸੁਗੰਧਤ ਫਸਲਾਂ ਦੀ ਮਹੱਤਤਾ
    ਅ. ਨਦੀਨਾਂ ਦੀ ਰੋਕਥਾਮ।
13. ਮਧੂ-ਮੱਖੀ ਫਾਰਮ ਲਈ ਥਾਂ ਦੀ ਚੋਣ ਕਰਦੇ ਸਮੇਂ ਕਿਹੜੀਆਂ- ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਜਰੂਰੀ ਹੈ?
14. ਵਰਮੀਕੰਪੋਸਟ ਤਿਆਰ ਕਰਨ ਦੀ ਵਿੱਧੀ ਦਾ ਵਰਨਣ ਕਰੋ। ਬਾਗਬਾਨੀ ਵਿੱਚ ਇਸ ਖਾਦ ਦੀ ਉਪਯੋਗਤਾ ਬਾਰੇ ਲਿਖੋ?
15. ਸੌਂਫ ਜੀਰਾ ਅਤੇ ਹੱਲਦੀ ਦੀ ਬਿਜਾਈ ਦਾ ਸਮਾਂ ਅਤੇ ਬੀਜ ਦਰ ਪ੍ਰਤੀ ਏਕੜ ਲਿਖੋ?
16. ਇਸਬਗੋਲ ਤੁਲਸੀ ਅਤੇ ਅਸ਼ਵਗੰਧਾ ਦੇ ਦੋ-ਦੋ ਉਪਯੋਗ ਲਿਖੋ?
17. ਵਪਾਰਕ ਫਸਲਾਂ ਤੋਂ ਕੀ ਭਾਵ ਹੈ? ਭਾਰਤ ਵਿੱਚ ਇਨ੍ਹਾਂ ਫਸਲਾਂ ਦਾ ਕੀ ਭਵਿੱਖ ਹੈ? 3x5= 15

ਭਾਗ-3 (ਕੋਈ 1 ਪ੍ਰਸ਼ਨ ਕਰੋ)

18. ਹੇਠ ਲਿਖਿਆਂ ਫਸਲਾਂ ਦਾ ਬੀਜ-ਦਰ ਪ੍ਰਤੀ ਏਕੜ ਅਤੇ ਬਿਜਾਈ ਦਾ ਸਮਾਂ ਲਿਖੋ:
    ੳ. ਅਦਰਕ ਅ. ਪੈਰੀਵਿੰਕਲ(ਸਦਾਬਹਾਰ) ੲ. ਧਨੀਆਂ
19. ਪੁਦੀਨਾਂ ਦੀ ਖੇਤੀ ਦਾ ਵਰਨਣ ਹੇਠ ਲਿਖੇ ਸਿਰਲੇਖਾਂ ਅਧੀਨ ਕਰੋ:
    ੳ. ਭੂਮੀ ਅ.ਜਲਵਾਯੂ ੲ.ਨਸਲੀ ਵਾਧਾ ਸ.ਪੌਦੇ ਲਗਾਉਣ ਦਾ ਢੰਗ ਹ.ਸਿੰਚਾਈ।

5x1 = 5

(Vocational Stream)

(Agriculture group)

**Trade-Horticulture**

**Subject – Landscaping and floriculture (074)** **Total Marks: 30**

ਭਾਗ-1(ਸਾਰੇ ਪ੍ਰਸ਼ਨ ਜਰੂਰੀ ਹਨ।)

1. ਚੱਟਾਨੀ ਬਗੀਚਾ ਕਿਸ ਨੂੰ ਕਹਿੰਦੇ ਹਨ?
2. ਸਜਾਵਟੀ ਝਾੜੀਆਂ ਤੋ ਤੁਸੀ ਕੀ ਸਮਝਦੇ ਹੋ?
3. ਲੈਂਡਸਕੇਪਿੰਗ ਤੋਂ ਕੀ ਭਾਵ ਹੈ?
4. ਹੈਜ ਅਤੇ ਏਜ ਵਿੱਚ ਕੀ ਅੰਤਰ ਹੈ?
5. ਕੋਈ ਚਾਰ ਸਜਾਵਟੀ ਵੇਲਾਂ ਦੇ ਨਾਮ ਲਿਖੋ?
6. ਗੁਲਦਾਉਦੀ ਵਿੱਚ ਫੁੱਲ ਆਉਣ ਦਾ ਸਮਾਂ ਲਿਖੋ?
7. ਕੋਈ ਚਾਰ ਗਰਮੀ ਰੁੱਤ ਦੇ ਮੌਸਮੀ ਫੁੱਲਾਂ ਦੇ ਨਾਂ ਲਿਖੋ?
8. ਘਰ ਅੰਦਰ ਬਗੀਚਾ ਤੋ ਕੀ ਭਾਵ ਹੈ?
9. ਤੋਰਨ ਲਤਾ ਅਤੇ ਮੰਡਪ ਵਿੱਚ ਅੰਤਰ ਦੱਸੋ?
10. ਗੁਲਾਬ ਦੇ ਪੌਦਿਆਂ ਵਿੱਚ ਲੱਗਣ ਵਾਲੇ ਹਾਨੀਕਾਰਕ ਕੀੜਿਆਂ ਦੇ ਨਾਂ ਲਿਖੋ?

1×10 = 10

ਭਾਗ-2(ਕੋਈ 5 ਪ੍ਰਸ਼ਨ ਕਰੋ)

11. ਫੁੱਲ ਸੱਜਾਂ ਤੋ ਕੀ ਭਾਵ ਹੈ?ਫੁੱਲ ਸੱਜਾ ਦੇ ਸਿੱਧਾਂਤ ਲਿਖੋ?
12. ਉਪਚਾਰਕ ਅਤੇ ਗੈਰਉਪਚਾਰਕ ਬਗੀਚੇ ਵਿੱਚ ਅੰਤਰ ਦੱਸੋ?
13. ਕਟੇ ਫੁੱਲਾਂ ਦੇ ਉਪਯੋਗ ਲਿਖੋ?
14. ਗਮਲਿਆਂ ਦੀ ਚੋਣ ਕਿਵੇ ਕੀਤੀ ਜਾਂਦੀ ਹੈ? ਗਮਲਿਆਂ ਨੂੰ ਭਰਨ ਦਾ ਢੰਗ ਲਿਖੋ?
15. ਕੇਕਟਸ ਪੌਦਿਆ ਤੋ ਕੀ ਭਾਵ ਹੈ?ਕੇਕਟਸ ਦੇ ਪ੍ਰਕਾਰਾਂ(ਕਿਸਮਾਂ) ਦਾ ਵਰਨਣ ਕਰੋ?
16. ਲੈਂਡਸਕੇਪਿੰਗ ਕਰਨ ਲੱਗਿਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ? ਬਿਲਡਿੰਗ ਦੇ ਲੈਂਡਸਕੇਪਿੰਗ ਕਰਨ ਦੇ ਕੀ ਉਦੇਸ਼ ਹਨ?
17. ਭੂਮੀ,ਜਲਵਾਯੂ ਅਤੇ ਫੁੱਲ ਆਉਣ ਦੇ ਸਮੇ ਦੇ ਅਧਾਰ ਤੇ ਚਮੇਲੀ ਦੀ ਖੇਤੀ ਦਾ ਵਰਨਣ ਕਰੋ?

3×5 = 15

ਭਾਗ-3 (ਕੋਈ i ਪ੍ਰਸ਼ਨ ਕਰੋ)

18. ਲਾਅਨ ਕਿਸ ਨੂੰ ਕਹਿੰਦੇ ਹਨ? ਲਾਅਨ ਦੀ ਸੰਭਾਲ ਜਿਵੇ ਭੂਮੀ ਦੀ ਤਿਆਰੀ,ਘਾਹ ਲਾਉਣ ਦੇ ਢੰਗ ਅਤੇ ਘਾਹ ਦੀ ਕਟਾਈ ਦਾ ਵਰਨਣ ਕਰੋ?
19. ਗੇਂਦਾ ਦੀ ਖੇਤੀ ਦਾ ਵਰਨਣ ਹੇਠ ਲਿਖੇ ਸਿਰਲੇਖਾਂ ਅਧੀਨ ਕਰੋ:
    ੳ. ਭੂਮੀ ਅ.ਜਲਵਾਯੂ ੲ. ਨਸਲੀ ਵਾਧਾ ਸ.ਫੁੱਲਾ ਦਾ ਉਪਯੋਗ

5×1 = 5

(Vocational Stream)

(Agriculture group)

**Trade-Horticulture**

**Subject-Post Harvest Technology & Preservation (075)** **Total Marks :30**

ਭਾਗ-1(ਸਾਰੇ ਪ੍ਰਸ਼ਨ ਜਰੂਰੀ ਹਨ।)

1. ਪੋਸਟ ਹਾਰਵੈਸਟ ਤੋ ਕੀ ਭਾਵ ਹੈ?
2. ਆਲੂਆਂ ਲਈ ਕੋਲਡ ਸਟੋਰ ਦਾ ਤਾਪਮਾਨ ਕਿੰਨ੍ਹਾਂ ਹੋਣਾ ਚਾਹੀਦਾ ਹੈ?
3. ਸੋਡੀਅਮ ਮੈਟਾਬਾਈਸਲਫਾਈਟ ਕਿਸ ਕੰਮ ਆਉਦਾ ਹੈ?
4. ਬਲਾਂਚਿੰਗ ਤੋ ਕੀ ਭਾਵ ਹੈ?
5. ਪੇਨੇਟ੍ਰੋਮੀਟਰ ਕਿਸ ਕੰਮ ਆਉਦਾ ਹੈ?
6. ਭੋਜਨ-ਜਹਿਰ ਤੋ ਕੀ ਭਾਵ ਹੈ?
7. ਗਰੋਥ ਰੈਗੂਲੇਟਰ ਕੀ ਹੁੰਦੇ ਹਨ?
8. ਫਲਾਂ ਨੂੰ ਤੋੜਨ ਦੇ ਕੋਈ ਦੋ ਢੰਗਾਂ ਦੇ ਨਾਂ ਲਿਖੋ?
9. ਲੂਣ ਦੀ ਵਰਤੋ ਕਰਕੇ ਫਲਾਂ ਨੂੰ ਖਰਾਬ ਹੋਣ ਤੋ ਕਿਵੇ ਬਚਾਇਆ ਜਾ ਸਕਦਾ ਹੈ?
10. ਨਿਰਜਲੀਕਰਨ ਕੀ ਹੁੰਦਾ ਹੈ?

1x10 = 10

ਭਾਗ-2(ਕੋਈ 5 ਪ੍ਰਸ਼ਨ ਕਰੋ)

11. ਫਲਾਂ ਅਤੇ ਸਬਜੀਆਂ ਦੇ ਖਰਾਬ ਹੋਣ ਦੇ ਕੀ ਕਾਰਨ ਹਨ? ਫਲਾਂ ਨੂੰ ਖਰਾਬ ਕਰਨ ਵਾਲੇ ਭੌਤਿਕ ਕਾਰਕਾਂ ਦਾ ਵਰਨਣ ਕਰੋ?
12. ਡੱਬਾ-ਬੰਦੀ ਤੋ ਕੀ ਭਾਵ ਹੈ? ਹਰੇ ਮਟਰ ਦੀ ਡੱਬਾ-ਬੰਦੀ ਦਾ ਵਰਨਣ ਕਰੋ?
13. ਫਲਾਂ ਅਤੇ ਸਬਜੀਆਂ ਨੂੰ ਧੁੱਪੇ ਸੁਕਾਉਣ ਅਤੇ ਨਿਰਜਲੀਕਰਣ ਵਿੱਚ ਅੰਤਰ ਦੱਸੋ।ਇਨ੍ਹਾਂ ਦੇ ਉੱਦੇਸ ਕੀ ਹਨ?
14. ਇੱਕ ਪ੍ਰਕਿਰਿਆਵੀ ਇਕਾਈ ਦੀ ਸਥਾਪਨਾ ਵਿੱਚ ਮਜਦੂਰਾਂ ਦੀ ਉਪਲਬਦੀ ਮਸ਼ੀਨਰੀ ਦੀ ਚੋਣ ਅਤੇ ਪੰਜੂੀ ਦਾ ਕੀ ਯੋਗਦਾਨ ਹੈ?
15. ਅੰਤਰ ਦੱਸੋ ਜੈਮ ਅਤੇ ਜੈਲੀ?
16. ਫਲਾਂ ਅਤੇ ਸਬਜੀਆਂ ਦੀ ਸੰਭਾਲ ਲਈ ਰਸਾਇਣਕ ਪਦਾਰਥ ਖੰਡ ਅਤੇ ਘੱਟ ਤਾਪਮਾਨ ਕਿਸ ਪ੍ਰਕਾਰ ਸਹਾਇਕ ਹੁੰਦੇ ਹਨ?
17. ਇੱਕ ਕਿੱਲੋ ਆਵਲੇ ਦਾ ਮੁਰੱਬਾ ਤਿਆਰ ਕਰਨ ਲਈ ਲੋੜੀਦੇ ਸਮਾਨ ਅਤੇ ਬਣਾਉਣ ਦੀ ਵਿਧੀ ਦਾ ਵਰਨਣ ਕਰੋ?

3x5= 15

ਭਾਗ-3 (ਕੋਈ 1 ਪ੍ਰਸ਼ਨ ਕਰੋ)

18. ਜੈਮ ਤੋ ਕੀ ਭਾਵ ਹੈ?ਕਿਹੜੇ ਕਿਹੜੇ ਫਲਾਂ ਤੋ ਚੰਗਾ ਜੈਮ ਤਿਆਰ ਕੀਤਾ ਜਾ ਸਕਦਾ ਹੈ?ਜੈਮ ਤਿਆਰ ਕਰਨ ਦੀ ਵਿੱਧੀ ਦਾ ਵਰਨਣ ਕਰੋ?
19. ਫਲਾਂ ਅਤੇ ਸਬਜੀਆਂ ਦੀ ਡੱਬਾ-ਬੰਦੀ ਦੇ ਹੇਠ ਲਿਖੇ ਨੁਕਤਿਆਂ ਦਾ ਵਰਨਣ ਕਰੋ:-
    ੧. ਡੱਬਿਆਂ ਦੀ ਚੋਣ ੨.ਖੰਡ ਅਤੇ ਨਮਕ ਦਾ ਘੋਲ ਤਿਆਰ ਕਰਨਾਂ ੩.ਸਫਾਈ ਕਰਨਾਂ ਅਤੇ ਛਿਲਣਾ ੪.ਕੀਟਾਣੂ ਰਹਿਤ ਕਰਨਾਂ

5x1= 5